**ਵਿਸਾ:-** **World Population Day – ਮਲੇਰਕੋਟਲਾ ਵਿਖੇ ਮਿਤੀ 7-7-2●1● ਦੇ ਸਮਾਰੋਹ ਸਬੰਧੀ ।**

1. ਮੈਂ ਮਲੇਰਕੋਟਲਾ ਵਿਖੇ ਮਿਤੀ 7-7-2●1● ਨੂੰ World Population Day ਮਨਾਉਣ ਲਈ ਸਟੇਟ ਲੈਵਲ ਦੇ ਫਕਸਨ ਵਿੱਚ ਹਾਜਰ ਹੋਇਆ। ਉਸ ਦਿਨ ਮੇਰੇ ਵਲੋਂ ਸਿਵਲ ਹਸਪਤਾਲ, ਮਲੇਰਕੋਟਲਾ, ਅਹਿਮਦਗੜ੍ਹ ਅਤੇ ਖੰਨਾ ਵੇਖਿਆ ਗਿਆ। ਇਨ੍ਹਾਂ ਵਿੱਚ ਸਾਡੇ ਵਲੋਂ ਹੇਠ ਲਿਖੇ ਅਨੁਸਾਰ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ :-

**<u>ਮਲੇਰਕੋਟਲਾ</u>**

(1) **ਰੋਗੀ ਕਲਿਆਣ ਸੰਮਤੀ** :- ਰੋਗੀ ਕਲਿਆਣ ਸੰਮਤੀ ਦਾ ਕੋਈ ਪਰਾਪਰ ਅਕਾਊਂਟ ਮੇਨਟੇਨ ਨਹੀਂ ਹੋ ਰਿਹਾ ਅਤੇ ਨਾ ਹੀ ਉਨ੍ਹਾਂ ਦੀ ਸਮੇ-ਸਮੇਂ ਕੋਈ ਚੈਕਿੰਗ ਕੀਤੀ ਜਾ ਰਹੀ ਹੈ। ਇਸ ਤੇ ਤੁਰੰਤ ਕਾਰਵਾਈ ਦੀ ਲੋੜ ਹੈ। (**ਐਮ.ਡੀ./ਪੀ.ਐਚ.ਐਸ.ਸੀ**)

(2) **ਸਿਵਲ ਵਰਕਸ** :- ਸਿਵਲ ਹਸਪਤਾਲ ਮਲੇਰਕੋਟਲਾ ਵਿੱਚ 4 ਲੱਖ ਤੋਂ ਵੱਧ ਯੂਜਰ ਚਾਰਜਿਜ ਪਏ ਹਨ। ਪ੍ਰੰਤੂ ਐਸ.ਐਮ.ਓ. ਦਾ ਇੰਜੀਨੀਅਰਿੰਗ ਵਿੰਗ ਨਾਲ ਤਾਲ-ਮੇਲ ਦੀ ਘਾਟ ਹੈ।

ਮੇਰਾ ਸੁਝਾਓ ਹੈ ਕਿ ਹਰ ਐਸ.ਐਮ.ਓ. ਰੋਗੀ ਕਲਿਆਣ ਸੰਮਤੀ ਦੀ ਮੀਟਿੰਗ ਹਰ ਮਹੀਨੇ ਕਰਨ ਜਿਸ ਵਿੱਚ ਇੰਜੀਨੀਅਰਿੰਗ ਵਿੰਗ ਵਲੋਂ ਘੱਟੋ ਘੱਟ ਜੇ.ਈ. ਲੈਵਲ ਦਾ ਅਫਸਰ ਹਾਜਰ ਹੋਵੇ, ਤਾਂ ਜੋ ਲੋੜੀਂਦੇ ਸਿਵਲ ਵਰਕਸ ਦਾ ਕੰਮ ਨੇਪਰੇ ਚੜਾਇਆ ਜਾ ਸਕੇ। (**ਐਮ.ਡੀ./ਪੀ.ਐਚ.ਐਸ.ਸੀ**)

(3) **ਗਾਇਨਾਕਾਲੋਜਿਸਟ** : ਡਾ: ਸੰਗੀਤਾ ਕੱਕੜ ਨੂੰ ਅਮਰਗੜ੍ਹ ਵਿਖੇ ਬਦਲ ਦੇਣਾ ਚਾਹੀਦਾ ਹੈ ਅਤੇ ਡਾ: ਸੈਲੀ ਨੂੰ ਅਮਰਗੜ੍ਹ ਤੋਂ ਉਨ੍ਹਾਂ ਦੀ ਥਾਂ ਤੇ ਬਦਲ ਦੇਣਾ ਚਾਹੀਦਾ ਹੈ। (**ਵਧੀਕ ਸਕੱਤਰ ਸਿਹਤ**)

**<u>ਅਹਿਮਦਗੜ੍ਹ</u>**

(1) **ਬੈਡਜ** : ਸਿਵਲ ਹਸਪਤਾਲ ਅਹਿਮਦਗੜ੍ਹ ਦਾ ਕੰਮ ਤਕਰੀਬਨ ਠੀਕ ਸੀ। ਇਸ ਹਸਪਤਾਲ ਵਿੱਚ 3● ਬੈਂਡ ਦੇ ਵਿਰੁੱਧ 24 ਬੈਡ ਹੀ ਵੇਖੇ ਗਏ। ਐਮ.ਡੀ/ਪੀ.ਐਚ.ਐਸ.ਸੀ ਨੂੰ ਚਾਹੀਦਾ ਹੈ ਕਿ ਸਾਰੇ ਹਸਪਤਾਲਾਂ ਵਿੱਚੋਂ ਐਸ.ਐਮ.ਓ/ਡੀ.ਐਮ.ਸੀ. ਤੋਂ ਸਰਟੀਫਿਕੇਟ ਲੈਣ ਕਿ ਜਿੰਨੇ ਬੈਡ ਦਾ ਹਸਪਤਾਲ ਹੈ, ਉਤਨੇ ਬੈਂਡ ਹਸਪਤਾਲ ਵਿੱਚ ਹਨ। ਜੇਕਰ ਨਹੀਂ ਤਾਂ ਪੂਰੇ ਕੀਤੇ ਜਾਣ। (**ਐਮ.ਡੀ./ਪੀ.ਐਚ.ਐਸ.ਸੀ**)

(2) ਰੋਗੀ ਕਲਿਆਣ ਸੰਮਤੀ ਦਾ ਰਜਿਸਟਰ ਅਧੂਰਾ ਸੀ, ਰੋਗੀ ਕਲਿਆਣ ਸੰਮਤੀ ਦੇ ਰਜਿਸਟਰ ਵਿੱਚ ਜੋ ਮੈਂਬਰ ਹਨ, ਉਨ੍ਹਾਂ ਦੇ ਨਾਂ ਲਿਖੇ ਜਾਣ ਅਤੇ ਹਰ ਇੱਕ ਮੀਟਿੰਗ ਵਿੱਚ ਮੈਂਬਰਾਂ ਦੀ ਹਾਜਰੀ ਸਬੰਧੀ ਸੂਚਨਾ ਲਿਖੀ ਜਾਵੇ ਕਿ ਕਿਹੜਾ ਮੈਂਬਰ ਹਾਜਰ ਹੈ ਅਤੇ ਕਿਹੜਾ ਗੈਰ-ਹਾਜਰ ਹੈ। ਜੇਕਰ ਸਾਰੇ ਰੋਗੀ ਕਲਿਆਣ ਸੰਮਤੀ ਦੇ ਮੈਂਬਰਾਂ ਦੇ ਨਾਂ ਅਤੇ ਉਨ੍ਹਾਂ ਦੇ ਮੁਬਾਇਲ ਨੰਬਰ ਐਸ.ਐਮ.ਓ. ਦੇ ਦਫਤਰ ਦੇ ਬਾਹਰ ਲਿੱਖ ਕੇ ਲਗਾ ਦਿੱਤੇ ਜਾਣ ਤਾਂ ਲੋਕਾਂ ਨੂੰ ਇਸ ਦਾ ਲਾਭ ਹੋਵੇਗਾ। (**ਐਮ.ਡੀ/ਪੀ.ਐਚ.ਐਸ.ਸੀ**)

**<u>ਖੰਨਾ</u>**

(1) ਟਰੋਮਾ ਸੈਂਟਰ ਦੀ ਲੋਕੇਸਨ ਬਾਰੇ ਦੁਬਾਰਾ ਵਿਚਾਰ ਕਰਨ ਦੀ ਲੋੜ ਹੈ।

(2) ਓ.ਪੀ.ਡੀ. ਬਲਾਕ ਅਤੇ ਐਮਰਜੈਂਸੀ ਨਵਾਂ ਬਨਾਉਣ ਦੀ ਲੋੜ ਹੈ ।

(3) ਸਿਵਲ ਹਸਪਤਾਲ ਖੰਨਾ ਦੀ ਸਾਈਨੇਜ ਕਮਜੋਰ ਸੀ ਅਤੇ ਬਾਹਰ ਸੜਕ ਤੋਂ ਪਤਾ ਨਹੀਂ ਲਗਦਾ ਸੀ ਕਿ ਸਿਵਲ ਹਸਪਤਾਲ ਕਿਥੇ ਹੈ ਅਤੇ ਉਸ ਦੀ ਐਮਰਜੰਸੀ ਕਿਥੇ ਹੈ। ਇਸ ਸਬੰਧ ਵਿੱਚ ਪਹਿਲਾਂ ਵੀ ਮੇਰੇ ਵਲੋਂ ਐਮ.ਡੀ./ਪੀ.ਐਚ.ਐਸ.ਸੀ. ਨੂੰ ਬੇਨਤੀ ਕੀਤੀ ਗਈ ਸੀ ਕਿ ਸਾਰੇ ਸਾਈਨੇਜਾਂ ਦੇ ਸੁਧਾਰ ਕਰਨ ਦੀ ਲੋੜ ਹੈ। ਇੱਕੋ ਕਿਸਮ ਦਾ ਰੰਗ ਹੋਵੇ ਅਤੇ ਬੋਰਡ ਪਰਾਪਰ ਜਗ੍ਹਾ ਤੇ ਲੱਗੇ ਹੋਣੇ ਚਾਹੀਦੇ ਹਨ। ਲਗਦਾ ਹੈ ਇਸ ਸਬੰਧ ਵਿੱਚ ਕੋਈ ਉਚਿਤ ਕਾਰਵਾਈ ਨਹੀਂ ਹੋਈ। ਇਸ ਲਈ ਐਮ.ਡੀ/ਪੀ.ਐਚ.ਐਸ.ਸੀ. ਇਸ ਨੂੰ ਤੁਰੰਤ ਰਿਵਯੂ ਕਰਨ।

(**ਐਮ.ਡੀ/ਪੀ.ਐਚ.ਐਸ.ਸੀ**)

ਉਪਰੋਕੱਤ ਅਨੁਸਾਰ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇ।

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ
12-7-2010

1. ਐਮ.ਡੀ./ਪੀ.ਐਚ.ਐਸ.ਸੀ, ਮੋਹਾਲੀ,
2. ਵਧੀਕ ਸਕੱਤਰ ਸਿਹਤ ।